**ਉਪ ਪ੍ਰਧਾਨ ਮੰਤਰੀ ਅਤੇ ਸਿੰਗਾਪੁਰ ਦੇ ਵਪਾਰ ਅਤੇ ਉਦਯੋਗ ਮੰਤਰੀ ਨੇ ਰਾਸ਼ਟਰਪਤੀ ਨਾਲ ਮੁਲਾਕਾਤ ਕੀਤੀ**

13 ਅਗਸਤ 2025

ਸਿੰਗਾਪੁਰ ਦੇ ਉਪ ਪ੍ਰਧਾਨ ਮੰਤਰੀ, ਮਹਾਮਹਿਮ ਗਨ ਕਿਮ ਯੋਂਗ ਅਤੇ ਸਿੰਗਾਪੁਰ ਦੇ ਵਪਾਰ ਅਤੇ ਉਦਯੋਗ ਮੰਤਰੀ ਦੀ ਅਗਵਾਈ ਵਾਲੇ ਇੱਕ ਮੰਤਰੀ ਪੱਧਰੀ ਵਫ਼ਦ ਨੇ ਅੱਜ (13 ਅਗਸਤ, 2025) ਨੂੰ ਰਾਸ਼ਟਰਪਤੀ ਭਵਨ ਵਿੱਚ ਭਾਰਤ ਦੀ ਰਾਸ਼ਟਰਪਤੀ, ਸ਼੍ਰੀਮਤੀ ਦ੍ਰੌਪਦੀ ਮੁਰਮੂ ਨਾਲ ਮੁਲਾਕਾਤ ਕੀਤੀ। ਵਫ਼ਦ ਭਾਰਤ-ਸਿੰਗਾਪੁਰ ਮੰਤਰੀ ਮੰਡਲ ਦੇ ਰਾਊਂਡਟੇਬਲ (ISMR) ਦੀ ਤੀਜੀ ਬੈਠਕ ਲਈ ਦਿੱਲੀ ਵਿੱਚ ਆਇਆ ਹੈ।

2. ਰਾਸ਼ਟਰਪਤੀ ਭਵਨ ਵਿੱਚ ਵਫ਼ਦ ਦਾ ਸਵਾਗਤ ਕਰਦੇ ਹੋਏ, ਰਾਸ਼ਟਰਪਤੀ ਨੇ ਕਿਹਾ ਕਿ ਇੱਕ ਅਨਿਸ਼ਚਿਤ ਗਲੋਬਲ ਵਾਤਾਵਰਣ ਵਿੱਚ ਵੀ, ਭਾਰਤ-ਸਿੰਗਾਪੁਰ ਦੀ ਵਿਆਪਕ ਰਣਨੀਤਿਕ ਸਾਂਝੇਦਾਰੀ ਅੱਗੇ ਵੱਧ ਰਹੀ ਹੈ। ਉਨ੍ਹਾਂ ਨੇ ਸਾਡੇ ਦੁਵੱਲੇ ਸੰਬੰਧਾਂ ਦੀ ਸਥਾਪਨਾ ਦੀ 60ਵੀਂ ਵਰ੍ਹੇਗੰਢ ਮੌਕੇ, ਇਸ ਸਾਲ ਦੇ ਸ਼ੁਰੂ ਵਿੱਚ ਰਾਸ਼ਟਰਪਤੀ ਥਰਮਨ ਸ਼ਨਮੁਗਰਤਨਮ ਦੀ ਰਾਜਕੀ ਯਾਤਰਾ ਨੂੰ ਸਨੇਹ ਨਾਲ ਯਾਦ ਕੀਤਾ। ਉਨ੍ਹਾਂ ਕਿਹਾ ਕਿ ISMR ਸਮੇਤ ਉੱਚ ਪੱਧਰਾਂ 'ਤੇ ਅਜਿਹੀ ਨਿਯਮਿਤ ਗੱਲਬਾਤ ਸਾਡੇ ਬਹੁਪੱਖੀ ਸਬੰਧਾਂ ਨੂੰ ਨਿਰੰਤਰ ਗਤੀ ਪ੍ਰਦਾਨ ਕਰੇਗੀ।

3. ਰਾਸ਼ਟਰਪਤੀ ਨੇ ਪਹਿਲਗਾਮ, ਜੰਮੂ-ਕਸ਼ਮੀਰ ਵਿੱਚ ਘਿਨਾਉਣੇ ਹਮਲੇ ਤੋਂ ਬਾਅਦ ਅੱਤਵਾਦ ਵਿਰੁੱਧ ਸਿੰਗਾਪੁਰ ਦੇ ਮਜ਼ਬੂਤ ਸਟੈਂਡ ਦੀ ਪ੍ਰਸ਼ੰਸਾ ਕੀਤੀ।

4. ਰਾਸ਼ਟਰਪਤੀ ਨੇ ਕਿਹਾ ਕਿ ਸਿੰਗਾਪੁਰ ਭਾਰਤ ਦੀ ਐਕਟ ਈਸਟ ਨੀਤੀ, ਵਿਜ਼ਨ ਮਹਾਸਾਗਰ ਅਤੇ ਇੰਡੋ-ਪੈਸੀਫਿਕ ਵਿਜ਼ਨ ਵਿੱਚ ਇੱਕ ਪ੍ਰਮੁੱਖ ਭਾਈਵਾਲ ਹੈ। ਸਾਡੀ ਵਪਾਰ, ਨਿਵੇਸ਼, ਰੱਖਿਆ, ਸੱਭਿਆਚਾਰ, ਸਿੱਖਿਆ ਅਤੇ ਲੋਕ ਵਿਚਕਾਰ ਦੇ ਆਪਸੀ ਆਦਾਨ-ਪ੍ਰਦਾਨ ਦੇ ਖੇਤਰਾਂ ਵਿੱਚ ਮਜ਼ਬੂਤ ਸਾਂਝੇਦਾਰੀ ਹੈ। ਉਨ੍ਹਾਂ ਕਿਹਾ ਕਿ ਇਹ ਸੰਤੁਸ਼ਟੀ ਦੀ ਗੱਲ ਹੈ ਕਿ ਸਾਂਝੇਦਾਰੀ ਹੁਣ ਕੌਸ਼ਲ, ਗ੍ਰੀਨ ਅਰਥਵਿਵਸਥਾ ਅਤੇ ਫਿਨਟੈੱਕ ਜਿਹੇ ਸਹਿਯੋਗ ਦੇ ਉਭਰ ਰਹੇ ਖੇਤਰਾਂ ਵਿੱਚ ਵੀ ਵਧ ਰਹੀ ਹੈ।

ਨਵੀਂ ਦਿੱਲੀ

13 ਅਗਸਤ 2025